

ਲਗਾਤਾਰ ਸੰਭਾਲ ਕਰਨ ਲਈ ਪੀ ਜੀ ਟੀ ਬੱਚਿਆਂ ਅਤੇ ਜਵਾਨਾਂ ਲਈ ਪ੍ਰਾਪਰਟੀ ਗਾਰਡੀਅਨ ਬਣਨ ਦੇ ਨਾਲ ਨਾਲ ਉਨ੍ਹਾਂ ਲਈ ਵੀ ਗਾਰਡੀਅਨ ਬਣਦਾ ਹੈ ਜਿਨ੍ਹਾਂ ਦਾ ਕੋਈ ਕਾਨੂੰਨੀ ਗਾਰਡੀਅਨ ਨਹੀਂ ਹੁੰਦਾ ਜਾਂ ਜਿਹੜੇ ਗੋਦ ਲਏ ਜਾਣ ਦੀ ਕਾਰਵਾਈ ਵਿਚ ਦੀ ਲੰਘ ਰਹੇ ਹੁੰਦੇ ਹਨ।

ਪ੍ਰਾਪਰਟੀ ਗਾਰਡੀਅਨ ਵਜੋਂ, ਪੀ ਜੀ ਟੀ ਸੂਬੇ ਦੀ ਲਗਾਤਾਰ ਸੰਭਾਲ ਹੇਠਲੇ ਬੱਚਿਆਂ ਲਈ, ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਅਤੇ ਅਧਿਕਾਰਤ ਅਬਰਿਜਨਲ ਚਾਇਲਡ ਐਂਡ ਫੈਮਿਲੀ ਸਰਵਿਸ ਏਜੰਸੀਆਂ ਨਾਲ ਕੋਗਾਰਡੀਅਨ ਵੀ ਹੁੰਦਾ ਹੈ।

ਪ੍ਰਾਪਰਟੀ ਗਾਰਡੀਅਨ ਵਜੋਂ, ਜਿੱਥੇ ਲਾਗੂ ਹੁੰਦਾ ਹੋਵੇ, ਪੀ ਜੀ ਟੀ, ਸੰਭਾਲ ਹੇਠਲੇ ਬੱਚਿਆਂ ਅਤੇ ਜਵਾਨਾਂ ਦੇ ਲੱਗੀਆਂ ਸੱਟਾਂ ਤੋਂ ਪੈਦਾ ਹੋਏ ਨੁਕਸਾਨ ਲਈ ਕਾਨੂੰਨੀ ਕਲੇਮ ਵੀ ਕਰਦਾ ਹੈ।

ਪੀ ਜੀ ਟੀ ਉਨ੍ਹਾਂ ਮਾਇਕ ਫਾਇਦਿਆਂ ਲਈ ਵੀ ਕਾਰਵਾਈ ਕਰਦਾ ਹੈ ਜਿਨ੍ਹਾਂ ਲਈ ਕੋਈ ਬੱਚਾ ਅਤੇ ਜਵਾਨ ਕਲਾਇੰਟ ਹੱਕਦਾਰ ਹੋ ਸਕਦਾ ਹੈ, ਜਿਵੇਂ ਕਿ ਕੈਨੇਡਾ ਪੈਨਸ਼ਨ ਪਲੈਨ ਚਿਲਡਰਨ'ਜ਼ ਬੈਨੇਫਿਟਸ ਅਤੇ ਰਜਿਸਟਰਡ ਡਿਸਏਬਿਲਟੀ ਸੇਵਿੰਗਜ਼ ਪਲੈਨਾਂ ਲਈ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ


Child & Youth Services
Public Guardian and Trustee
700-808 West Hastings Street,
Vancouver, BC V6C 3L3
ਟੈਲੀਫੋਨ: 604.775.3480
ਈਮੇਲ: cys@trustee.bc.ca


ਸਰਵਿਸ ਬੀ ਸੀ ਰਾਹੀਂ ਦੂਰੋਂ ਮੁਫਤ ਫੋਨ ਕੀਤਾ ਜਾ ਸਕਦਾ ਹੈ। ਆਪਣੇ ਇਲਾਕੇ (ਹੇਠਾਂ) ਲਈ ਢੁਕਵੇਂ ਨੰਬਰ 'ਤੇ ਫੋਨ ਕਰਨ ਤੋਂ ਬਾਅਦ ਪੀ ਜੀ ਟੀ ਨੂੰ ਤਬਦੀਲ ਕੀਤੇ ਜਾਣ ਲਈ ਕਹੋ (ਦਫਤਰ ਖੁਲ੍ਹਣ ਦਾ ਆਮ ਸਮਾਂ ਸਵੇਰ ਦੇ 8:30 ਤੋਂ ਲੈ ਕੇ ਬਾਅਦ ਦੁਪਹਿਰ 4:30 ਵਜੇ, ਸੋਮਵਾਰ–ਸ਼ੁਕਰਵਾਰ ਤੱਕ ਹੈ)।

| | |
|---|---|
| ਵੈਨਕੂਵਰ | 604.660.2421 |
| ਵਿਕਟੋਰੀਆ | 250.387.6121 |
| ਹੋਰ ਕਿਤਿਉਂ ਵੀ | 800.663.7867 |


www.trustee.bc.ca
ਈਮੇਲ: webmail@trustee.bc.ca



March 2013

Public Guardian and Trustee of British Columbia

13-3#10

Child and Youth Services [Punjabi]


# ਬੱਚਿਆਂ ਅਤੇ ਜਵਾਨਾਂ ਲਈ ਸੇਵਾਵਾਂ


Public Guardian and Trustee of British Columbia



T36531Punjabi_Child and Youth Services.indd 1
4/8/2013 9:47:42 AM

ਬ੍ਰਿਟਿਸ਼ ਕੋਲੰਬੀਆ ਵਿਚ ਨਾਬਾਲਗ ਬੱਚਿਆਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਕਾਨੂੰਨੀ ਜ਼ਿੰਮੇਵਾਰੀ ਮਾਪਿਆਂ, ਗਾਰਡੀਅਨਾਂ ਅਤੇ ਕਈ ਸਰਕਾਰੀ ਅਦਾਰਿਆਂ ਅਤੇ ਸੰਸਥਾਵਾਂ ਦੀ ਸਾਂਝੀ ਹੈ।

ਬੀ ਸੀ ਵਿਚ ਬੱਚੇ 19 ਸਾਲ ਦੀ ਉਮਰ ਦੇ ਹੋਣ ਤੱਕ ਨਾਬਾਲਗ ਹਨ।

ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ), ਵੱਖ ਵੱਖ ਸੂਬਾਈ ਕਾਨੂੰਨਾਂ ਦੇ ਅਧਿਕਾਰ ਹੇਠ ਬੱਚਿਆਂ ਅਤੇ ਜਵਾਨਾਂ (ਯੂਥ) ਦੇ ਕਾਨੂੰਨੀ ਅਤੇ ਮਾਇਕ ਹਿੱਤਾਂ ਦੀ ਰਾਖੀ ਕਰਦਾ ਹੈ।

ਪੀ ਜੀ ਟੀ ਦੀ ਚਾਇਲਡ ਐਂਡ ਯੂਥ ਸਰਵਿਸਿਜ਼ ਡਿਵੀਜ਼ਨ, ਬੱਚਿਆਂ ਅਤੇ ਜਵਾਨਾਂ ਦੀ ਤਰਫੋਂ ਅਤੇ ਉਨ੍ਹਾਂ ਨਾਲ ਸਿੱਧਾ ਵਰਤਣ ਦੇ ਨਾਲ ਨਾਲ ਉਨ੍ਹਾਂ ਦੇ ਮਾਪਿਆਂ ਜਾਂ ਗਾਰਡੀਅਨਾਂ ਨਾਲ ਵੀ ਵਰਤਦੀ ਹੈ।

## ਪੀ ਜੀ ਟੀ ਕਿਹੜੀਆਂ ਸੇਵਾਵਾਂ ਦਿੰਦਾ ਹੈ?

### ਕਾਨੂੰਨੀ ਸੇਵਾਵਾਂ

ਪੀ ਜੀ ਟੀ ਬੱਚਿਆਂ ਅਤੇ ਜਵਾਨਾਂ ਦੇ ਕਾਨੂੰਨੀ ਹਿੱਤਾਂ ਦੀ ਰੱਖਿਆ ਕਰਦਾ ਹੈ ਅਤੇ ਅਜਿਹਾ ਉਨ੍ਹਾਂ ਦੀ ਤਰਫੋਂ ਵੱਖ ਵੱਖ ਕਾਨੂੰਨੀ ਕਲੇਮਾਂ ਨਾਲ ਸੰਬੰਧਿਤ ਤਜਵੀਜ਼ਸ਼ੁਦਾ ਫੈਸਲਿਆਂ (ਸੈਟਲਮੈਂਟਸ) 'ਤੇ ਵਿਚਾਰ ਕਰਕੇ ਕਰਦਾ ਹੈ। ਉਦਾਹਰਣ ਲਈ, ਅਜਿਹੇ ਕਲੇਮ, ਮੈਡੀਕਲ ਇਲਾਜ ਵਿਚ ਬੇਪਰਵਾਹੀ, ਮੋਟਰ ਗੱਡੀਆਂ ਦੇ ਐਕਸੀਡੈਂਟ ਅਤੇ/ਜਾਂ ਮਾਪੇ ਜਾਂ ਗਾਰਡੀਅਨ ਦੀ ਦੋਸ਼ਪੂਰਣ ਮੌਤ ਤੋਂ ਪੈਦਾ ਹੋ ਸਕਦੇ ਹਨ।

ਜਿੱਥੇ ਨਿਪਟਾਰੇ ਦੀ ਰਕਮ 50,000 ਡਾਲਰ ਜਾਂ ਘੱਟ ਹੁੰਦੀ ਹੈ, ਉੱਥੇ ਪੀ ਜੀ ਟੀ ਸੈਟਲਮੈਂਟ ਨੂੰ ਮੰਨ ਸਕਦਾ ਹੈ ਜਾਂ ਰੱਦ ਕਰ ਸਕਦਾ ਹੈ।

ਜਿੱਥੇ ਰਕਮ 50,000 ਡਾਲਰ ਨਾਲੋਂ ਜ਼ਿਆਦਾ ਹੁੰਦੀ ਹੈ ਉੱਥੇ ਪੀ ਜੀ ਟੀ ਕੋਰਟ (ਅਦਾਲਤ) ਨੂੰ ਲਿਖਤੀ ਸਿਫਾਰਸ਼ ਕਰਦਾ ਹੈ ਅਤੇ ਕੋਰਟ ਇਹ ਫੈਸਲਾ ਕਰਦੀ ਹੈ ਕਿ ਕੀ ਫਾਈਨਲ ਸੈਟਲਮੈਂਟ ਦੀ ਰਕਮ ਮਨਜ਼ੂਰ ਕਰਨੀ ਹੈ ਜਾਂ ਨਹੀਂ।

ਇਹ ਰਿਵੀਊ ਇਹ ਪੱਕਾ ਕਰਦੇ ਹਨ ਕਿ ਸੈਟਲਮੈਂਟਸ ਵਾਜਬ ਅਤੇ ਬੱਚੇ ਜਾਂ ਜਵਾਨ ਦੇ ਬਿਹਤਰ ਹਿੱਤਾਂ ਵਿਚ ਹਨ।

ਟਰੱਸਟਾਂ ਅਤੇ ਇਸਟੇਟਾਂ ਵਿਚ ਬੱਚਿਆਂ ਜਾਂ ਜਵਾਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਪੀ ਜੀ ਟੀ, ਕਿਸੇ ਮ੍ਰਿਤਕ ਵਿਅਕਤੀ ਦੀ



ਇਸਟੇਟ ਦੇ ਪ੍ਰਬੰਧ ਲਈ ਅਰਜ਼ੀਆਂ ਦੇ ਨੋਟਿਸਾਂ 'ਤੇ ਵੀ ਵਿਚਾਰ ਕਰਦਾ ਹੈ ਜਿੱਥੇ ਕੋਈ ਬੱਚਾ ਲਾਭ-ਪਾਤਰ (ਬੈਨੇਫਿਸ਼ਰੀ) ਹੁੰਦਾ ਹੈ ਜਾਂ ਇਸਟੇਟ ਜਾਂ ਟਰੱਸਟ ਵਿਚ ਹਿੱਸੇ ਦਾ ਹੱਕਦਾਰ ਹੋ ਸਕਦਾ ਹੈ।

ਜਿੱਥੇ ਪੀ ਜੀ ਟੀ ਕੋਲ ਇਹ ਯਕੀਨ ਕਰਨ ਦਾ ਕਾਰਨ ਹੁੰਦਾ ਹੈ ਕਿ ਕਿਸੇ ਟਰੱਸਟ ਵਿਚ ਕਿਸੇ ਬੱਚੇ ਜਾਂ ਜਵਾਨ ਦੇ ਹਿੱਤ ਖਤਰੇ ਵਿਚ ਹਨ ਤਾਂ ਪੀ ਜੀ ਟੀ ਬੱਚੇ ਜਾਂ ਜਵਾਨ ਦੀ ਤਰਫੋਂ ਟਰੱਸਟ ਦੇ ਦੁਆਲੇ ਦੀਆਂ ਹਾਲਤਾਂ ਦੀ ਪੜਤਾਲ ਕਰ ਸਕਦਾ ਹੈ।

ਕੁਝ ਕੇਸਾਂ ਵਿਚ, ਪੀ ਜੀ ਟੀ ਮੁਕੱਦਮਾ ਕਰਨ ਵਾਲੇ ਗਾਰਡੀਅਨ ਵਜੋਂ ਵੀ ਕਾਰਵਾਈ ਕਰਨ ਲਈ ਸਹਿਮਤ ਹੋ ਸਕਦਾ ਹੈ ਅਤੇ ਬੱਚੇ ਜਾਂ ਜਵਾਨ ਦੀ ਤਰਫੋਂ ਉਸ ਦੀਆਂ ਸੱਟਾਂ ਲਈ ਮੁਆਵਜ਼ਾ ਲੈਣ ਲਈ ਕਾਨੂੰਨੀ ਕਾਰਵਾਈ ਸ਼ੁਰੂ ਕਰ ਸਕਦਾ ਹੈ।

ਉਦਾਹਰਣ ਲਈ, ਬੱਚੇ ਜਾਂ ਜਵਾਨ ਦੇ ਹਿੱਤ, ਉਸ ਦੇ ਮਾਪਿਆਂ ਜਾਂ ਗਾਰਡੀਅਨਾਂ ਦੇ ਹਿੱਤਾਂ ਨਾਲ ਟਕਰਾ ਸਕਦੇ ਹਨ, ਜਿਵੇਂ ਕਿ ਜਦੋਂ ਬੱਚਾ ਜਾਂ ਜਵਾਨ ਉਸ ਮੋਟਰ ਗੱਡੀ ਵਿਚ ਐਕਸੀਡੈਂਟ ਦਾ ਸ਼ਿਕਾਰ ਹੋ ਸਕਦਾ ਹੈ ਜਿੱਥੇ ਇਕ ਮਾਪਾ ਗੱਡੀ ਚਲਾ ਰਿਹਾ ਸੀ।

ਜਦੋਂ ਅਜਿਹਾ ਹੁੰਦਾ ਹੈ ਅਤੇ ਜੇ ਕੋਈ ਹੋਰ ਬਾਲਗ ਬੱਚੇ ਜਾਂ ਜਵਾਨ ਦੇ ਹਿੱਤਾਂ ਦੀ ਰਾਖੀ ਕਰਨ ਦਾ ਖਾਹਸ਼ਮੰਦ ਨਾ ਹੋਵੇ ਤਾਂ ਪੀ ਜੀ ਟੀ ਕਾਰਵਾਈ ਕਰਨ ਲਈ ਸਹਿਮਤ ਹੋ ਸਕਦਾ ਹੈ।

### ਟਰੱਸਟ ਦੀਆਂ ਸੇਵਾਵਾਂ

ਬੱਚੇ ਜਾਂ ਜਵਾਨ ਨੂੰ ਮਿਲੇ ਕੁਝ ਖਾਸ ਫੰਡ, ਜਿਵੇਂ ਕਿ ਕਿਸੇ ਨਿਪਟਾਰੇ ਤੋਂ ਮਿਲੇ ਪੈਸੇ ਜਾਂ ਸੱਟਾਂ ਲਈ ਮਿਲੇ ਪੈਸੇ ਜਾਂ ਕਿਸੇ ਇਨਸ਼ੋਰੈਂਸ ਕੰਪਨੀ, ਇਸਟੇਟ ਜਾਂ ਕੋਰਟ ਆਰਡਰ ਤੋਂ ਮਿਲੀ ਪੇਮੈਂਟ, ਬੱਚੇ ਜਾਂ ਜਵਾਨ ਲਈ ਟਰੱਸਟ ਵਿਚ ਰੱਖਣ ਲਈ ਪੀ ਜੀ ਟੀ ਨੂੰ ਦਿੱਤੀ ਜਾਂਦੇ ਹਨ।

ਪੈਸੇ ਮਿਲਣ 'ਤੇ ਪੀ ਜੀ ਟੀ ਇਹ ਫੰਡ ਬੱਚੇ ਜਾਂ ਜਵਾਨ ਦੇ ਨਾਂ 'ਤੇ ਵਿਆਜ ਲੱਗਣ ਵਾਲੇ ਅਕਾਊਂਟ ਵਿਚ ਰੱਖੇ ਜਾਂਦੇ ਹਨ।

ਇਨਵੈਸਟਮੈਂਟ ਅਤੇ ਪੈਸੇ ਦੀ ਵੰਡ ਲਈ ਮੰਗਾਂ ਦੇ ਸਾਰੇ ਫੈਸਲੇ, ਪੀ ਜੀ ਟੀ ਗਾਰਡੀਅਨਸ਼ਿਪ ਐਂਡ ਟਰੱਸਟ ਔਫੀਸਰ (ਜੀ ਟੀ ਓ) ਵਲੋਂ ਵਿਚਾਰੇ ਅਤੇ ਕੀਤੇ ਜਾਂਦੇ ਹਨ।

ਫੈਸਲੇ ਕਰਨ ਵੇਲੇ ਜੀ ਟੀ ਓ ਪਰਿਵਾਰ ਦੇ ਮੈਂਬਰਾਂ ਅਤੇ/ਜਾਂ ਹੋਰ ਲੋਕਾਂ ਨਾਲ ਨੇੜਿਉਂ ਕੰਮ ਕਰਦਾ ਹੈ, ਜਿਸ ਵਿਚ ਖਾਸ ਮੌਕਿਆਂ ਲਈ ਟਰੱਸਟ ਵਿੱਚੋਂ ਪੈਸੇ ਜਾਰੀ ਕਰਨ ਦੀਆਂ ਬੇਨਤੀਆਂ ਦਾ ਜਵਾਬ ਦੇਣਾ ਵੀ ਸ਼ਾਮਲ ਹੈ।

ਪੀ ਜੀ ਟੀ ਨੂੰ *ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ* ਵਿਚਲੇ ਫੀਸ ਦੇ ਨਿਯਮਾਂ ਮੁਤਾਬਕ ਫੀਸ ਚਾਰਜ ਕਰਨੀ ਪੈਂਦੀ ਹੈ। ਇਹ ਫੀਸਾਂ ਉਨ੍ਹਾਂ ਫੀਸਾਂ ਵਾਂਗ ਹੀ ਹਨ ਜਿਹੜੀਆਂ ਪ੍ਰਾਈਵੇਟ ਟਰੱਸਟੀਆਂ ਨੂੰ ਲੈਣ ਦੀ ਆਗਿਆ ਹੈ।

ਟਰੱਸਟ ਵਿਚ ਰੱਖੇ ਗਏ ਪੈਸੇ ਬੱਚੇ ਜਾਂ ਜਵਾਨ ਜਾਂ ਉਸ ਦੇ ਕਾਨੂੰਨੀ ਨੁਮਾਇੰਦੇ ਨੂੰ ਬੱਚੇ ਦੇ 19 ਸਾਲ ਦੇ ਹੋ ਜਾਣ 'ਤੇ ਦੇ ਦਿੱਤੇ ਜਾਂਦੇ ਹਨ, ਜੇ ਕੋਰਟ ਦਾ ਆਰਡਰ ਜਾਂ ਟਰੱਸਟ ਦਾ ਪੇਪਰ ਇਹ ਨਹੀਂ ਕਹਿੰਦਾ ਕਿ ਪੈਸੇ ਲੰਬੇ ਸਮੇਂ ਲਈ ਰੱਖੇ ਜਾਣ।

### ਪ੍ਰਾਪਰਟੀ ਗਾਰਡੀਅਨ ਸੇਵਾਵਾਂ

ਜਦੋਂ ਬੱਚਿਆਂ ਜਾਂ ਜਵਾਨਾਂ ਦੇ ਮਾਪਿਆਂ ਦੀ ਮੌਤ ਹੋ ਜਾਦੀ ਹੈ ਅਤੇ ਉਨ੍ਹਾਂ ਕੋਲ ਆਪਣੇ ਹਿੱਤਾਂ ਦੀ ਰਾਖੀ ਕਰਨ ਲਈ ਹੋਰ ਕੋਈ ਨਹੀਂ ਹੁੰਦਾ, ਜਾਂ ਮਾਪੇ ਆਪਣੇ ਬੱਚਿਆਂ ਦੀ ਸੰਭਾਲ ਕਰਨ ਦੇ ਯੋਗ ਨਹੀਂ ਰਹਿੰਦੇ ਤਾਂ ਸੂਬਾ ਗਾਰਡੀਅਨ ਦੇ ਫਰਜ਼ ਨਿਭਾਉਂਦਾ ਹੈ।

T36531Punjabi_Child and Youth Services.indd 2 4/8/2013 9:47:42 AM